# ਸਾਈਬਰ ਸੁਰੱਖਿਆ ਲਈ ਪ੍ਰਮੁੱਖ ਸੁਝਾਅ

## ਆਪਣੇ ਆਪ ਨੂੰ ਆਨਲਾਈਨ ਸੁਰੱਖਿਅਤ ਕਰਨ ਦੇ ਵਿਹਾਰਕ ਤਰੀਕੇ

**cyber**.gov.au/learn




### ਆਪਣੇ ਐਪਾਂ ਅਤੇ ਯੰਤਰਾਂ ਨੂੰ ਅੱਪਡੇਟ ਕਰੋ

ਆਪਣੇ ਐਪਾਂ ਅਤੇ ਯੰਤਰਾਂ ਨੂੰ ਅੱਪਡੇਟ ਕਰਨ ਨਾਲ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਅਤੇ ਨਵੀਆਂ ਸੁਰੱਖਿਆ ਚਿੰਤਾਵਾਂ ਜਾਂ ਕਮਜ਼ੋਰੀਆਂ ਨੂੰ ਹੱਲ ਕੀਤਾ ਜਾ ਸਕਦਾ ਹੈ ਜਿਨ੍ਹਾਂ ਦੀ ਵਰਤੋਂ ਹੈਕਰ ਤੁਹਾਡੇ ਯੰਤਰਾਂ ਜਾਂ ਖਾਤਿਆਂ ਤੱਕ ਪਹੁੰਚ ਕਰਨ ਲਈ ਕਰ ਸਕਦੇ ਹਨ। ਅੱਪਡੇਟ ਇਸ ਵਿੱਚ ਨਵੀਆਂ ਸੁਵਿਧਾਵਾਂ ਵੀ ਜੋੜ ਸਕਦੇ ਹਨ।



### ਇਕ ਤੋਂ ਵੱਧ ਪੁਸ਼ਟੀਕਰਨ (MFA) ਨੂੰ ਚਾਲੂ ਕਰੋ

MFA ਦਾ ਮਤਲਬ ਹੈ ਕਿ ਕਿਸੇ ਖਾਤੇ 'ਤੇ ਆਪਣੀ ਪਛਾਣ ਸਾਬਤ ਕਰਨ ਲਈ ਇੱਕ ਤੋਂ ਵੱਧ ਜਾਂਚਾਂ ਦਾ ਹੋਣਾ। ਉਦਾਹਰਨ ਲਈ, ਤੁਹਾਨੂੰ ਇੱਕ ਟੈਕਸਟ ਮੈਸੇਜ 'ਤੇ ਮਿਲੇ ਕੋਡ ਅਤੇ ਤੁਹਾਡੇ ਪਾਸਫਰੇਜ਼ (ਛੋਟੇ ਵਾਕ) ਦੀ ਲੋੜ ਹੋ ਸਕਦੀ ਹੈ। ਇਹ ਸਾਈਬਰ ਅਪਰਾਧੀਆਂ ਲਈ ਤੁਹਾਡੇ ਖਾਤਿਆਂ ਤੱਕ ਪਹੁੰਚ ਕਰਨਾ ਬਹੁਤ ਮੁਸ਼ਕਲ ਬਣਾਉਂਦਾ ਹੈ।



### ਸੈਟ ਅੱਪ ਕਰੋ ਅਤੇ ਨਿਯਮਤ ਬੈਕਅੱਪ ਕਰੋ

ਇੱਕ ਬੈਕਅੱਪ ਤੁਹਾਡੀ ਸਭ ਤੋਂ ਮਹੱਤਵਪੂਰਨ ਜਾਣਕਾਰੀ ਦੀ ਇੱਕ ਡਿਜ਼ਿਟਲ ਨਕਲ ਹੈ ਜਾਂ ਤਾਂ ਇਹ ਕਿਸੇ ਬਾਹਰੀ ਸਟੋਰੇਜ ਉਪਕਰਣ ਜਾਂ ਇੰਟਰਨੈਟ ਉੱਤੇ ਇੱਕ ਸਰਵਰ ਜਿਵੇਂ ਕਿ ਕਲਾਉਡ ਵਰਗੇ 'ਤੇ ਰੱਖੀ ਗਈ ਹੈ। ਇਸਦਾ ਮਤਲਬ ਹੈ ਕਿ ਜੇਕਰ ਕੁਝ ਗਲਤ ਹੋ ਜਾਂਦਾ ਹੈ ਤਾਂ ਤੁਸੀਂ ਆਪਣੀਆਂ ਫਾਈਲਾਂ ਨੂੰ ਮੁੜ ਬਹਾਲ ਕਰ ਸਕਦੇ ਹੋ।




### ਸੁਰੱਖਿਅਤ ਪਾਸਫਰੇਜ (ਛੋਟੇ ਵਾਕ) ਸੈੱਟਅੱਪ ਕਰੋ

ਜਦੋਂ MFA ਉਪਲਬਧ ਨਾ ਹੋਵੇ, ਤਾਂ ਆਪਣੇ ਖਾਤੇ ਨੂੰ ਸੁਰੱਖਿਅਤ ਕਰਨ ਲਈ ਪਾਸਫਰੇਜ਼ ਦੀ ਵਰਤੋਂ ਕਰੋ। ਪਾਸਫਰੇਜ਼ ਇੱਕ ਮਜ਼ਬੂਤ ਕਿਸਮ ਦਾ ਪਾਸਵਰਡ ਹੈ ਜੋ ਚਾਰ ਜਾਂ ਵੱਧ ਬੇਤਰਤੀਬੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਇਹ ਉਨ੍ਹਾਂ ਨੂੰ ਸਾਈਬਰ ਅਪਰਾਧੀਆਂ ਲਈ ਅੰਦਾਜ਼ਾ ਲਗਾਉਣਾ ਔਖਾ ਬਣਾਉਂਦਾ ਹੈ ਪਰ ਤੁਹਾਡੇ ਲਈ ਯਾਦ ਰੱਖਣਾ ਆਸਾਨ ਬਣਾਉਂਦਾ ਹੈ।



### ਘੁਟਾਲਿਆਂ ਨੂੰ ਪਛਾਣੋ ਅਤੇ ਰਿਪੋਰਟ ਕਰੋ

ਅਪਰਾਧੀ ਅਕਸਰ ਲੋਕਾਂ ਨਾਲ ਧੋਖਾ ਕਰਨ ਲਈ ਈਮੇਲ, SMS, ਫ਼ੋਨ ਕਾਲਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਉਹ ਆਮ ਤੌਰ 'ਤੇ ਅਜਿਹਾ ਤੁਹਾਡੇ ਨਾਲ ਸੰਪਰਕ ਕਰਕੇ ਅਤੇ ਕੋਈ ਅਜਿਹਾ ਵਿਅਕਤੀ ਜਾਂ ਸੰਸਥਾ ਹੋਣ ਦਾ ਦਿਖਾਵਾ ਕਰਕੇ ਕਰਦੇ ਹਨ ਜਿਸਨੂੰ ਤੁਸੀਂ ਜਾਣਦੇ ਹੋ ਅਤੇ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ।

ਈਮੇਲਾਂ ਜਾਂ ਸੁਨੇਹਿਆਂ ਵਿੱਚ ਆਈਆਂ ਅਟੈਚਮੈਂਟਾਂ ਜਾਂ ਲਿੰਕਾਂ 'ਤੇ ਕਲਿੱਕ ਕਰਦੇ ਸਮੇਂ ਹਮੇਸ਼ਾ ਸਾਵਧਾਨ ਰਹੋ।




### ਇਹਨਾਂ ਨਾਲ ਆਪਣੀ ਸਾਈਬਰ ਸੁਰੱਖਿਆ ਦਾ ਪੱਧਰ ਵਧਾਓ...

- ਇਸ ਬਾਰੇ ਸੋਚੋ ਕਿ ਤੁਸੀਂ ਆਨਲਾਈਨ ਕੀ ਪਾ ਰਹੇ ਹੋ।
- ਨਵੇਂ ਖ਼ਤਰਿਆਂ ਬਾਰੇ ਚੇਤਾਵਨੀਆਂ ਪ੍ਰਾਪਤ ਕਰੋ। ਸਾਡੀ ਮੁਫ਼ਤ ਚੇਤਾਵਨੀ ਸੇਵਾ ਲਈ ਸਾਈਨ ਅੱਪ ਕਰੋ।
- ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਈਬਰ ਸੁਰੱਖਿਆ ਬਾਰੇ ਗੱਲ ਕਰੋ।
- ਜਦੋਂ ਤੁਸੀਂ ਬੈਂਕਿੰਗ ਜਾਂ ਆਨਲਾਈਨ ਖਰੀਦਦਾਰੀ ਕਰ ਰਹੇ ਹੋਵੋ ਤਾਂ ਜਨਤਕ Wi-Fi ਦੀ ਵਰਤੋਂ ਨਾ ਕਰੋ।
- ਆਸਟ੍ਰੇਲੀਆ ਨੂੰ ਸੁਰੱਖਿਅਤ ਰੱਖਣ ਲਈ ਸਾਈਬਰ ਹਮਲਿਆਂ ਅਤੇ ਘਟਨਾਵਾਂ ਦੀ ਰਿਪੋਰਟ ਕਰੋ।

**cyber.gov.au/learn** 'ਤੇ ਹੋਰ ਜਾਣਕਾਰੀ ਹਾਸਲ ਕਰੋ।

**ਸਾਈਬਰ ਸੁਰੱਖਿਆ ਘਟਨਾਵਾਂ ਦੀ ਰਿਪੋਰਟ ਕਰੋ:**

cyber.gov.au | 1300 CYBER1 (1300 292 371)

ਇਹ ਨੰਬਰ ਸਿਰਫ਼ ਆਸਟ੍ਰੇਲੀਆ ਵਿੱਚ ਵਰਤੋਂ ਲਈ ਉਪਲਬਧ ਹੈ।

Australian Government
Australian Signals Directorate
ASD AUSTRALIAN SIGNALS DIRECTORATE
ACSC Australian Cyber Security Centre

ਕੀ ਤੁਹਾਡੇ ਕੋਲ ਇਸ ਉਤਪਾਦ ਬਾਰੇ ਕੁਝ ਸੁਝਾਅ ਹਨ? **cyber.gov.au** 'ਤੇ ਜਾਓ ਅਤੇ ਸਾਨੂੰ ਦੱਸੋ।